# ਪੰਜਾਬ ਸਕੂਲ ਸਿੱਖਿਆ ਬੋਰਡ

**ਪੰਜਾਬ ਓਪਨ ਸਕੂਲ ਮੈਟ੍ਰਿਕੁਲੇਸ਼ਨ ਪਰੀਖਿਆ ਮਾਰਚ-2017 ਸੰਬੰਧੀ ਬੋਰਡ ਵੱਲੋਂ ਨਿਰਧਾਰਿਤ ਅਧਿਐਨ ਕੇਂਦਰਾਂ ਦੇ ਮੁੱਖੀਆਂ ਲਈ ਜਰੂਰੀ ਸੂਚਨਾਵਾਂ ਅਤੇ ਹਦਾਇਤਾਂ।**

## ਪਰੀਖਿਆ ਫ਼ੀਸ ਅਤੇ ਫ਼ਾਰਮ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ

| **ਮੈਟ੍ਰਿਕ ਲਈ ਪਰੀਖਿਆ ਫੀਸ:-**<br>1. ਸਰਕਾਰੀ ਅਤੇ ਏਡਿਡ ਸਕੂਲਾਂ ਲਈ 700/- ਰੁ:+300/-ਰੁ: ਪ੍ਰਯੋਗੀ ਵਿਸ਼ਿਆ ਦੀ ਫੀਸ<br>2. ਐਫੀਲਿਏਟਿਡ / ਐਸੋਸੀਏਟ ਸਕੂਲਾਂ ਲਈ 1000/- ਰੁ: (ਸਮੇਤ ਪ੍ਰਯੋਗੀ ਵਿਸ਼ਿਆ ਦੀ ਫੀਸ)<br>3. ਵਾਧੂ ਵਿਸ਼ੇ ਦੀ ਫੀਸ 300/- ਰੁ: ਪ੍ਰਤੀ ਵਿਸ਼ਾ | ਬਿਨਾਂ ਲੇਟ ਫ਼ੀਸ | 500/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 1000/-ਰੁ: ਲੇਟ ਫ਼ੀਸ (ਪ੍ਰਤੀ ਪਰੀਖਿਆਰਥੀ) | 2000/-ਰੁ: ਲੇਟ ਫੀਸ (ਪ੍ਰਤੀ ਪਰੀਖਿਆਰਥੀ) |
|---|---|---|---|---|
| ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | 10-11-16 | 17-11-16 | 24-11-16 | 30-11-16 |
| ਬੈਂਕ ਵਿੱਚ ਫੀਸ/ਚਲਾਨ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | 15-11-16 | 21-11-16 | 30-11-16 | 05-12-16 |
| ਪਰੀਖਿਆ ਫਾਰਮ ਜਿਲ੍ਹਾਂ ਖੇਤਰੀ ਦਫਤਰ/ਮੁੱਖ ਦਫਤਰ ਵਿਖੇ ਜਮਾਂ ਕਰਵਾਉਣ ਦੀ ਆਖਰੀ ਮਿਤੀ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 05-12-16 ਖੇਤਰੀ ਦਫਤਰ/ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ | 13-12-16 ਕੇਵਲ ਮੁੱਖ ਦਫਤਰ |

### ❖ ਪਰੀਖਿਆ ਫੀਸ ਦੇ ਚਲਾਨ ਜਨਰੇਟ ਕਰਨ ਅਤੇ ਪਰੀਖਿਆ ਫਾਰਮ ਜਨਰੇਟ ਕਰਨ ਸਬੰਧੀ ਹਦਾਇਤਾਂ :-

ਪਰੀਖਿਆ ਫਾਰਮ ਅਤੇ ਪ੍ਰੀਖਿਆ ਫੀਸ ਲਈ ਚਾਲਾਨ ਜਨਰੇਟ ਕਰਨ ਵਾਸਤੇ ਹੇਠ ਲਿਖੇ ਸਟੈਪ ਹੋਣਗੇ :-

1. ਸਕੂਲ ਲਾਗਇੰਨ ਆਈ ਨੂੰ ਖੋਲਿਆ ਜਾਵੇ ਅਤੇ ਸੈਸ਼ਨ 2016-17 ਸਲੈਕਟ ਕੀਤਾ ਜਾਵੇ।
2. Examination Portal ਤੇ ਕਲਿੱਕ ਕੀਤਾ ਜਾਵੇ ਅਤੇ ਖੱਬੇ ਹੱਥ ਦਿੱਤੇ ਮੈਨੂ ਵਿੱਚੋਂ ਸਬੰਧਤ ਸ਼੍ਰੇਣੀ ਸਲੈਕਟ ਕੀਤੀ ਜਾਵੇ (ਭਾਵ ਦਸਵੀਂ, ਬਾਰਵੀਂ, ਓਪਨ ਸਕੂਲ)
3. ਸ਼੍ਰੇਣੀ ਸਲੈਕਟ ਕਰਨ ਉਪਰੰਤ ਸਬੰਧਤ ਸ਼੍ਰੇਣੀ ਦੇ ਰਜਿਸਟਰਡ ਪ੍ਰੀਖਿਆਰਥੀਆਂ ਦੀ ਸੂਚੀ ਦਿਖੇਗੀ।
4. ਸੂਚੀ ਵਿੱਚ ਹਰ ਇੱਕ ਪਰੀਖਿਆਰਥੀ ਦੇ ਸਾਹਮਣੇ Form ਅਤੇ Fee Claim ਕਾਲਮ ਹੋਵੇਗਾ, ਜਿਸ ਵਿੱਚ ਚੈੱਕ ਬਾਕਸ ਹੋਏਗਾ। ਜਿੰਨ੍ਹਾਂ ਪਰੀਖਿਆਰਥੀਆਂ ਦੇ ਪਰੀਖਿਆ ਫਾਰਮ ਜਨਰੇਟ ਕਰਨੇ ਹਨ, ਉਹਨਾਂ ਪਰੀਖਿਆਰਥੀਆਂ ਦੇ ਸਾਹਮਣੇ ਲੱਗੇ Form ਕਾਲਮ ਦਾ ਚੈੱਕ ਬਾਕਸ ਸਲੈਕਟ ਕੀਤਾ ਜਾਵੇ ਅਤੇ ਉਸੇ ਤਰ੍ਹਾਂ ਜਿੰਨ੍ਹਾਂ ਦੀ ਐੱਸ.ਸੀ./ਐੱਸ.ਟੀ. ਪਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ, ਉਹਨਾਂ ਸਾਹਮਣੇ ਲੱਗੇ Fee Claim ਕਾਲਮ ਦਾ ਚੈੱਕ ਬਾਕਸ ਸਲੈਕਟ ਕੀਤਾ ਜਾਵੇ।
5. ਪਰੀਖਿਆਰਥੀ ਸਲੈਕਟ ਕਰਨ ਉਪਰੰਤ ਪਰੀਖਿਆ ਫਾਰਮ ਜਨਰੇਟ ਕਰਨ ਹਿੱਤ Add ਬਟਨ ਤੇ ਕਲਿੱਕ ਕੀਤਾ ਜਾਵੇ। ਸਾਰੇ ਪਰੀਖਿਆਰਥੀ Add ਕਰਨ ਉਪਰੰਤ ਜਨਰੇਟ ਫਾਰਮ (Generate Examination Form) ਤੇ ਕਲਿੱਕ ਕੀਤਾ ਜਾਵੇ।
6. ਜਨਰੇਟ ਫਾਰਮ ਤੇ ਕਲਿੱਕ ਕਰਨ ਉਪਰੰਤ ਕੈਟਾਗਰੀ (Caste) ਵਾਈਜ਼ ਫੀਸ ਕੈਲਕੂਲੇਟ ਹੋ ਕੇ ਦਿਖ ਜਾਏਗੀ ਅਤੇ ਜਿੰਨ੍ਹਾਂ ਪਰੀਖਿਆਰਥੀਆਂ ਦੀ ਫੀਸ ਕਲੇਮ ਕਰਨੀ ਹੈ, ਉਹਨਾਂ ਦੀ ਗਿਣਤੀ ਅਤੇ ਫੀਸ ਦਿਖ ਜਾਵੇਗੀ।
7. ਫੀਸ ਅਤੇ ਪਰੀਖਿਆਰਥੀਆਂ ਦੀ ਗਿਣਤੀ ਵੈਰੀਫਾਈ ਕਰਨ ਉਪਰੰਤ Submit ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਬੈਂਕ ਸਲੈਕਟ ਕਰਨ ਉਪਰੰਤ ਚਾਲਾਨ ਬਣਾ ਲਿਆ ਜਾਵੇ।
8. ਚਲਾਨ ਜਨਰੇਟ ਕਰਨ ਉਪਰੰਤ 24 ਘੰਟੇ ਬਾਅਦ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਈ ਜਾਵੇ।

9. ਫੀਸ ਜਮ੍ਹਾਂ ਕਰਵਾਉਣ ਤੋਂ 48 ਘੰਟੇ ਬਾਅਦ ਪਰੀਖਿਆ ਫਾਰਮ ਪ੍ਰਿੰਟ ਕੀਤੇ ਜਾ ਸਕਣਗੇ।

10. ਪਰੀਖਿਆ ਫਾਰਮ ਪ੍ਰਿੰਟ ਕਰਨ ਲਈ Print Examination Form ਬਟਨ ਤੇ ਕਲਿੱਕ ਕੀਤਾ ਜਾਵੇ। ਲਾਟ ਵਾਈਜ਼ ਸੂਚੀ ਵਿੱਚੋਂ ਸਬੰਧਤ ਲਾਟ ਸਲੈਕਟ ਕਰਕੇ ਫਾਰਮ ਡਾਊਨਲੋਡ ਕੀਤੇ ਜਾਣ। ਜਦੋਂ ਤੱਕ ਫੀਸ ਬੈਂਕ ਦੁਆਰਾ ਵੈਰੀਫਾਈ ਨਹੀਂ ਕਰ ਦਿੱਤੀ ਜਾਂਦੀ, ਉਦੋਂ ਤੱਕ ਸਿਰਫ Print Challan and Re-Generate Challan ਬਟਨ ਹੀ ਦਿਖਣਗੇ। ਫੀਸ ਵੈਰੀਫਾਈ ਹੋਣ ਉਪਰੰਤ ਹੀ Download ਲਿੰਕ ਦਿਖੇਗਾ।

11. **ਚਲਾਨ ਵਿੱਚ ਦਰਸਾਈ Valid Date ਤੱਕ ਹਰ ਹਾਲਤ ਵਿੱਚ ਫੀਸ ਜਮ੍ਹਾਂ ਕਰਵਾਉਣੀ ਲਾਜ਼ਮੀ ਹੋਵੇਗੀ। ਇਸ ਸਬੰਧੀ ਸਾਰੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।**

❖ **ਜਰੂਰੀ ਨੋਟ :-**

1. ਪਰੀਖਿਆ ਫ਼ਾਰਮ ਉਮੀਦਵਾਰ ਕੋਲ਼ੋਂ ਹਰ ਪੱਖੋਂ ਮੁਕੰਮਲ ਅਤੇ ਚੈਕ ਕਰਵਾਉਣ ਉਪਰੰਤ ਤਸਦੀਕ ਕੀਤਾ ਜਾਵੇ।

❖ **ਪਰੀਖਿਆ ਫ਼ਾਰਮ ਭਰਨ ਸੰਬੰਧੀ ਹਦਾਇਤਾਂ :-**

1. ਉਮੀਦਵਾਰਾਂ ਦੇ ਵੇਰਵੇ ਜਿਵੇਂ ਕਿ ਉਮੀਦਵਾਰ ਦਾ ਨਾਂ, ਪਿਤਾ ਅਤੇ ਮਾਤਾ ਦੇ ਨਾਂ ਦੇ ਸਪੈਲਿੰਗ, ਰਜਿਸਟ੍ਰੇਸ਼ਨ ਨੰਬਰ, ਜਨਮ-ਮਿਤੀ ਰਜਿਸਟ੍ਰੇਸਨ ਰਿਟਰਨ ਦੇ ਆਧਾਰ ਤੇ ਪ੍ਰਿੰਟ ਕਰਕੇ ਭੇਜੇ ਗਏ ਹਨ, ਪ੍ਰੀਖਿਆ ਫਾਰਮ ਵਿੱਚ ਸਕੂਲ ਪੱਧਰ ਤੇ ਕੋਈ ਸੋਧ ਨਾ ਕੀਤੀ ਜਾਵੇ। ਉਮੀਦਵਾਰ ਦੇ ਵੇਰਵਿਆਂ ਵਿੱਚ ਕੋਈ ਗ਼ਲਤੀ ਰਹਿ ਗਈ ਤਾਂ ਉਸਦੀ ਸੋਧ ਕੁਰੈਕਸ਼ਨ ਪ੍ਰੋਫਾਰਮੇ ਤੇ ਭਰ ਕੇ ਭੇਜੀ ਜਾਵੇ। ਇਹ ਸੋਧ ਮਿਤੀ 13-12-2016 ਤੋਂ 30-12-2016 ਤੱਕ 200/- ਰੁ: ਪ੍ਰਤੀ ਸੋਧ ਦੇ ਹਿਸਾਬ ਨਾਲ ਲੋੜੀਂਦੇ ਦਸਤਾਵੇਜ ਪੇਸ਼ ਕਰਕੇ ਸਬੰਧਤ ਪਰੀਖਿਆ ਸ਼ਾਖਾ ਰਾਹੀਂ ਕਰਵਾਈ ਜਾ ਸਕਦੀ ਹੈ।
2. ਜੇਕਰ ਕੋਈ ਉਮੀਦਵਾਰ ਇੱਕ ਤੋਂ ਵੱਧ ਪਰੀਖਿਆ ਫ਼ਾਰਮ ਭੇਜੇਗਾ ਤਾਂ ਉਸ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ। ਇਹ ਸਾਰੇ ਉਮੀਦਵਾਰਾਂ ਨੂੰ ਨੋਟ ਕਰਵਾ ਦਿੱਤਾ ਜਾਵੇ।

❖ **ਸਾਵਧਾਨੀਆਂ :-**

ੳ. ਜੇ ਕੋਈ ਉਮੀਦਵਾਰ ਕਿਸੇ ਵੀ ਬੋਰਡ ਦੀ ਪਰੀਖਿਆ ਦੇਣ ਤੋਂ ਵਰਜਿਤ ਕੀਤਾ ਗਿਆ ਹੋਵੇ ਤਾਂ ਉਸ ਬਾਰੇ ਸਾਰੀ ਸੂਚਨਾ ਭਾਵ ਬੋਰਡ ਦਾ ਨਾਂ, ਪਰੀਖਿਆ ਦਾ ਨਾਂ, ਰੋਲ ਨੰ:/ਸੈਸ਼ਨ ਸਾਲ ਅਤੇ ਵਰਜਿਤ ਸਮੇਂ ਦਾ ਵਰਨਣ ਦਰਜ ਕੀਤਾ ਜਾਵੇ।

ਅ. ਬੋਰਡ ਵੱਲੋਂ ਰੋਲ ਨੰਬਰ ਪ੍ਰਾਪਤ ਹੋਣ ਤੋਂ ਤੁਰੰਤ ਬਾਅਦ ਉਹਨਾਂ ਉਮੀਦਵਾਰਾਂ ਦੇ ਨਾਂ ਜਿਨ੍ਹਾਂ ਦਾ ਉਮੀਦਵਾਰੀ ਹੱਕ ਪਰੀਖਿਆ ਦੇਣ ਦੇ ਅਯੋਗ ਹੋਣ ਕਾਰਨ ਰੱਦ ਕਰਾਉਣਾ ਹੈ, ਫ਼ਾਰਮ ਵਿੱਚ ਭਰ ਕੇ ਰਜਿਸਟਰੀ ਪੱਤਰ ਦੁਆਰਾ ਤੁਰੰਤ ਦਫ਼ਤਰ ਨੂੰ ਭੇਜ ਦਿੱਤਾ ਜਾਵੇ।

ੲ. ਨਤੀਜਾ ਨਿਕਲਣ ਤੋਂ ਬਾਅਦ ਹਰ ਪ੍ਰਕਾਰ ਦੀ ਸੋਧ ਭਾਵ ਪਰੀਖਿਆਰਥੀ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ ਜਨਮ ਮਿਤੀ ਆਦਿ ਦੇ 1000/- ਰੁ: ਪ੍ਰਤੀ ਸੋਧ ਲਏ ਜਾਣਗੇ। ਇਹ ਸ਼ਰਤ ਨਤੀਜਾ ਘੋਸ਼ਿਤ ਹੋਣ ਦੀ ਮਿਤੀ ਤੋਂ ਦੋ ਸਾਲ ਤੱਕ ਹੋਵੇਗੀ।

ਸ. ਆਪਣੇ ਅਧਿਐਨ ਕੇਂਦਰ ਦੇ ਉਮੀਦਵਾਰਾਂ ਦੇ ਵਿਸ਼ਿਆਂ ਸੰਬੰਧੀ ਸੂਚਨਾ ਉਮੀਦਵਾਰਾਂ ਦੇ ਵਿਸ਼ਿਆਂ ਸੰਬੰਧੀ ਵੇਰਵਾ ਸੂਚੀ ਵਿੱਚ ਵੀ ਜਰੂਰ ਚੈੱਕ ਕਰ ਕੇ ਭੇਜੀ ਜਾਵੇ।

❖ **ਮਾਧਿਅਮ ਸੰਬੰਧੀ :-**

1. ਪਰੀਖਿਆ ਦੇ ਮਾਧਿਅਮ ਪੰਜਾਬੀ, ਹਿੰਦੀ, ਅੰਗਰੇਜੀ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ